# ਲੜਕੀਆਂ ਦਾਂ ਆਪਣਾ ਪੰਜਾਬ

ਆਪਣਾ ਪੰਜਾਬ ਹੋਵੇ ।
ਪਿਆਰ ਦਾ ਇਨਕਲਾਬ ਹੋਵੇ।
ਆਪਣਾ ਪੰਜਾਬ, ਆਪਣਾ ਪੰਜਾਬ ।

ਆਪਣਾ ਪੰਜਾਬ ਹੋਵੇ ।
ਮਾਂ,ਬਾਪ,ਵੀਰ ਵਿੱਚ ਪ੍ਰਵਾਰ ਹੋਵੇ ।
ਆਪਸ 'ਚ' ਪਿਆਰ ਹੋਵੇ ।
ਚਿੜੀਆਂ ਦਾਂ ਚੰਬਾਂ ਹੋਵੇ ।
ਰੋੜੇ ਖੇਡਣ ਲਈ ਸਾਥ ਚੰਗਾਂ ਹੋਵੇ ।
ਖੱਡਾ ਖੇਡਣਾ ਮੁੰਡੇ-ਕੁੜੀਆਂ ਦੇ ਨਾਲ ਹੋਵੇ ।
ਰੱਸੀ ਟੱਪਾ, ਤਾ ਸਾਰਾ ਪਿੰਡ ਕਰਦਾ ਵਿਚਾਂਰ ਹੋਵੇ ।
ਕਲਮ ਨਾਲ ਫੱਟੀ ਲਿਖਾਂ, ਸਾਹਮਣੇ ਕਤਾਬ ਹੋਵੇ ।

ਆਪਣਾ ਪੰਜਾਬ ਹੋਵੇ ।
ਪਿਆਰ ਦਾ ਇਨਕਲਾਬ ਹੋਵੇ।
ਆਪਣਾ ਪੰਜਾਬ, ਆਪਣਾ ਪੰਜਾਬ ।

ਆਪਣਾ ਪੰਜਾਬ ਹੋਵੇ ।
ਵੀਰ ਨੇ ਕੰਮ ਕਾਰ ਤੋ ਆਉਣਾਂ ਹੋਵੇ ।
ਉਸ ਲਈ ਸੱਜਰਾ- ਸੱਜਰਾ ਫੁਲਕਾ ਲਾਉਣਾ ਹੋਵੇ ।
ਸਰੋ ਦਾ ਸਾਗ ਤਿਆਰ ਹੋਵੇ ।
ਨਾਲ ਅੱਦਰਕ ਦਾ ਆਚਾਰ ਹੋਵੇ ।
ਮੇਰੇ ਉਪਰ ਵੀਰ ਦਾ ਅਸ਼ੀਰਵਾਦ ਹੋਵੇ ।

ਆਪਣਾ ਪੰਜਾਬ ਹੋਵੇ ।
ਪਿਆਰ ਦਾ ਇਨਕਲਾਬ ਹੋਵੇ।
ਆਪਣਾ ਪੰਜਾਬ, ਆਪਣਾ ਪੰਜਾਬ ।

ਆਪਣਾ ਪੰਜਾਬ ਹੋਵੇ ।
ਮਹਿਦੀ ਦਾ ਤਿਉਹਾਰ ਹੋਵੇ ।
ਚੱਰਖਾ ਕੱਤਣ ਲਈ ਤਿਆਰ ਹੋਵੇ ।
ਚੰਗੇ ਵਰ ਦੀ ਭਾਲ ਹੋਵੇ ।
ਚੰਗੀ ਤਾਲੀਮ ਦਾ ਖਿਆਲ ਹੋਵੇ ।
ਪੜੀ ਇਸ਼ਕੇ ਦੀ ਕਿਤਾਬ ਹੋਵੇ ।

ਆਪਣਾ ਪੰਜਾਬ ਹੋਵੇ ।
ਪਿਆਰ ਦਾ ਇਨਕਲਾਬ ਹੋਵੇ।
ਆਪਣਾ ਪੰਜਾਬ, ਆਪਣਾ ਪੰਜਾਬ ।

ਆਪਣਾ ਪੰਜਾਬ ਹੋਵੇ ।
ਮਾਹੀ ਘੋੜੀ ਤੇ ਸਵਾਰ ਹੋਵੇ ।
ਹੱਥ ਸੋਹਣੀ ਤਲਵਾਰ ਹੋਵੇ ।
ਬੈਂਡ-ਵਾਜਾ ਵਜਾਂਇਆ ਹੋਵੇ ।
ਦੋਸਤਾਂ ਨੇ ਭੰਗੜਾ ਪਾਇਆ ਹੋਵੇ ।
ਦਹੇਜ ਦਾ ਨਾ ਉਹਨੂੰ ਖਿਆਲ ਹੋਵੇ ।
ਆਪਣੇ ਆਪ 'ਚ' ਉਹ ਜਨਾਬ ਹੋਵੇ ।

ਆਪਣਾ ਪੰਜਾਬ ਹੋਵੇ ।
ਪਿਆਰ ਦਾ ਇਨਕਲਾਬ ਹੋਵੇ।
ਆਪਣਾ ਪੰਜਾਬ, ਆਪਣਾ ਪੰਜਾਬ ।

ਆਪਣਾ ਪੰਜਾਬ ਹੋਵੇ ।
ਤੀਆਂ ਦਾ ਤਿਉਹਾਰ ਹੋਵੇ ।
ਮਹਿੰਦੀ ਦਾ ਸ਼ਿੰਗਾਰ ਹੋਵੇ ।
ਖਤ ਮਾਹੀ ਦਾ ਆਇਆ ਹੋਵੇ ।
ਪੀਘ ਨੂੰ ਟੀਸੀ ਤੇ ਲਾਇਆ ਹੋਵੇ ।
ਹੱਥ ਟੂਸੇ ਨੂੰ ਪਾਇਆ ਹੋਵੇ ।
ਮੰਨ 'ਚ' ਮਾਹੀ ਦਾ ਖਾਬ ਹੋਵੇ ।

ਆਪਣਾ ਪੰਜਾਬ ਹੋਵੇ ।
ਪਿਆਰ ਦਾ ਇਨਕਲਾਬ ਹੋਵੇ।
ਆਪਣਾ ਪੰਜਾਬ, ਆਪਣਾ ਪੰਜਾਬ ।

ਆਪਣਾ ਪੰਜਾਬ ਹੋਵੇ ।
ਹੱਥ 'ਚ' ਰੁਮਾਲ ਹੋਵੇ ।
ਮਾਹੀ ਪੀਦਾ ਨਾ ਸਾਰਾਬ ਹੋਵੇ ।
ਕਿਸੇ ਹੋਰ ਨਸੇ ਦਾ ਨਾ ਖਿਆਂਲ ਹੋਵੇ ।
ਚੰਗਾ ਉਹਦਾ ਕੰਮ-ਕਾਰ ਹੋਵੇ ।
ਕਰਦਾ ਮੈਨੂੰ ਪਿਆਰ ਹੋਵੇ ।
ਮੇਰੇ ਲਈ ਉਹੀ ਫੁਲ ਗੁਲਾਬ ਹੋਵੇ ।

ਆਪਣਾ ਪੰਜਾਬ ਹੋਵੇ ।
ਪਿਆਰ ਦਾ ਇਨਕਲਾਬ ਹੋਵੇ।
ਆਪਣਾ ਪੰਜਾਬ, ਆਪਣਾ ਪੰਜਾਬ ।

ਆਪਣਾ ਪੰਜਾਬ ਹੋਵੇ ।
ਲੋਹੜੀ ਦਾ ਤਿਉਹਾਰ ਹੋਵੇ ।
ਮਾਂ ਵਰਗਾ ਸੱਸ ਦਾ ਪਿਆਰ ਹੋਵੇ ।
ਨਣਦ-ਭਰਜਾਈ ਵਿੱਚ ਲਿਹਾਜ ਹੋਵੇ ।
ਸਹੁਰਾ ਦਿੰਦਾ ਧੀਆਂ ਵਰਗਾ ਪਿਆਰ ਹੋਵੇ ।
ਪਹਿਰਾਵਾ ਕੁੜਤੀ ਤੇ ਸਲਵਾਰ ਹੋਵੇ ।
ਚੁਨੀ ਦੀ ਸ਼ਰਮ ਨਾਂਲ ਹੋਵੇ ।
ਸੱਸ-ਸਹੁਰੇ ਹੱਥ ਧਰਮ ਦੀ ਕਿਤਾਬ ਹੋਵੇ ।

ਆਪਣਾ ਪੰਜਾਬ ਹੋਵੇ ।
ਪਿਆਰ ਦਾ ਇਨਕਲਾਬ ਹੋਵੇ।
ਆਪਣਾ ਪੰਜਾਬ, ਆਪਣਾ ਪੰਜਾਬ ।

ਆਪਣਾ ਪੰਜਾਬ ਹੋਵੇ ।
ਸਵੇਰੇ ਦੁਧ ਰਿੜਕਣ ਦੀ ਆਵਾਜ ਹੋਵੇ ।
ਲੱਸੀ-ਮੱਖਣ ਦੀ ਵਰਸਾਤ ਹੋਵੇ ।
ਘਰ 'ਚ' ਚੰਗੀ ਉਲਾਦ ਹੋਵੇ ।
ਸਕੂਲ ਜਾਣ ਲਈ ਤਿਆਰ ਹੋਵੇ ।
ਰੱਖਿਆ ਸਾਇੰਸ ਨਾਲ ਹਿਸਾਬ ਹੋਵੇ ।

ਆਪਣਾ ਪੰਜਾਬ ਹੋਵੇ ।
ਪਿਆਰ ਦਾ ਇਨਕਲਾਬ ਹੋਵੇ।
ਆਪਣਾ ਪੰਜਾਬ, ਆਪਣਾ ਪੰਜਾਬ ।

ਆਪਣਾ ਪੰਜਾਬ ਹੋਵੇ ।
ਗੁਰੂਦਵਾਰੇ ਜਾ ਕੀਤੀ ਅਰਦਾਸ ਹੋਵੇ ।
ਜਾਨ ਨਿਕਲੇ ਤਾ ਯਾਂਰ ਨਾਲ ਹੋਵੇ ।
ਅਗਲੇ ਜਨਮ 'ਚ' ਫਿਰ ਸਰਜਿੰਦਰ ਦੀ ਭਾਲ ਹੋਵੇ ।
ਭਾਵੇ ਉਹ ਰਹਿਦਾ ਕਨੇਡਾ ਵਿਚਕਾਰ ਹੋਵੇ ।
sarjinder@yahoo.com ਤੇ ਉਹਦਾ ਮਿਲਾਪ ਹੋਵੇ ।
ਬੱਸ ਇਹੋ ਇਕ ਖਾਬ ਹੋਵੇ ।

ਆਪਣਾ ਪੰਜਾਬ ਹੋਵੇ ।
ਪਿਆਰ ਦਾ ਇਨਕਲਾਬ ਹੋਵੇ।
ਆਪਣਾ ਪੰਜਾਬ, ਆਪਣਾ ਪੰਜਾਬ ।

ਪਿਆਰ ਦਾ ਇਨਕਲਾਬ - ਜਿੰਦਾਬਾਦ

Archived at: www.geocities.com/sarjinder
Written by: Dr. Sarjinder Singh, Assistant Professor, St. Cloud State University, St. Cloud, MN, USA.
Note: All opinions are of author's own.